ੴ ਸਤਿਗੁਰ ਪ੍ਰਸਾਦ

# ਗੁਰੂ ਨਾਨਕ ਦੇ ਸਿੱਖ ਯਾ ਮਾਸ ਅਤੇ ਸ਼ਰਾਬ

## (ਇਸ "ਗੁਰੂ ਨਾਨਕ ਦੇ ਸਿੱਖ ਯਾ ਮਾਸ ਅਤੇ ਸ਼ਰਾਬ" ਪੁਸਤਕ ਵਿਚੋਂ ਸਾਰ-ਰਸ)

**ਹਰ ਧਰਮ ਦੇ** ਪੈਰੋਕਾਰਾਂ, (ਮਹਾਤਮਾ, ਸੂਫੀ ਫਕੀਰਾਂ, ਗੁਰੂਆਂ ਪੀਰਾਂ ਤੇ ਪੈਗੰਬਰਾਂ) ਨੇ ਨਸ਼ਾ ਤੇ ਮਾਸ ਨਾ ਖਾਣ ਦਾ ਉਦੇਸ਼ ਅਤੇ ਧਰਮ ਗ੍ਰੰਥਾਂ ਵਿਚ ਮਾਸ ਨਾ ਖਾਣ ਦੇ ਪ੍ਰਮਾਣ ਦੇਣ ਤੋਂ ਪਹਿਲਾਂ ਅਸੀਂ ਮਾਸਾਹਾਰੀ ਲੋਕਾਂ ਤੋਂ ਪੁਛਦੇ ਹਾਂ ਕਿ ਤੁਹਾਨੂੰ ਮਾਸ ਖਾਣ ਦਾ ਅਧਿਕਾਰ ਕਿਸ ਨੇ ਦਿੱਤਾ ਹੈ। ਕਿਆ ਤੁਹਾਡੇ ਹੱਥ ਪੈਰ ਮਾਸ ਖਾਣ ਵਾਲੇ ਜਾਨਵਰਾਂ ਦੇ ਨੁਕੀਲੇ ਪੰਜਿਆਂ ਵਰਗੇ ਹਨ? ਕਿਆ ਤੁਹਾਡੇ ਦੰਦ ਅਤੇ ਮੂੰਹ ਦੇ ਜਬਾੜੇ ਦੀ ਬਣਤਰ ਮਾਸ ਖਾਣ ਵਾਲੇ ਜਾਨਵਰਾਂ ਨਾਲ ਮਿਲਦੀ ਹੈ? ਕੁਦਰਤ ਨੇ ਮਾਸ ਖਾਣ ਦਾ ਅਧਿਕਾਰ ਸਿਰਫ ਉਨਾਂ ਜੀਵਾਂ ਜਾਨਵਰਾਂ ਨੂੰ ਦਿੱਤਾ ਹੈ ਜੋ ਆਪਣੇ ਨੁਕੀਲੇ ਪੈਰਾਂ (ਪੰਜਿਆਂ) ਤੇ ਤਿੱਖੇ ਦੰਦਾਂ ਵਾਲੇ ਜਬਾੜੇ ਨਾਲ ਦੂਸਰੇ ਜਾਨਵਰਾਂ ਨੂੰ ਆਪ ਹੀ ਮਾਰਦੇ ਹਨ। ਆਪਣੇ ਪੇਟ ਦੀ ਭੁਖ ਮਿਟਾਉਣ ਲਈ ਕੁਦਰਤ ਦੇ ਬਖਸ਼ੇ ਨੁਕੀਲੇ ਪੰਜੇ ਅਤੇ ਜਬਾੜੇ ਦੇ ਤਿਖੇ ਤੇ ਟੇਢੇ ਦੰਦਾਂ ਨਾਲ ਚੂੰਡ ਚੂੰਡ ਕੇ ਸਿੱਧਾ ਕਚਾ ਮਾਸ ਖਾਂਦੇ ਹਨ। ਮਨੁੱਖ ਦੀ ਤਰਾਂ ਜੀਭ ਦੇ ਚਸਕੇ ਲਈ ਮਾਸ ਨੂੰ ਤਰਾਂ ਤਰਾਂ ਦੇ ਢੰਗ ਨਾਲ ਪੱਕਾ ਕੇ ਅਤੇ ਮਾਸ ਦਾ ਕੀਮਾ ਸੀਖਾਂ ਤੇ ਚੜਾ ਕੇ ਨਹੀਂ ਖਾਂਦੇ। ਖਰੌੜਿਆਂ ਦੇ ਨਾਮ ਤੇ ਹੱਡੀਆਂ ਨੂੰ ਨਹੀਂ ਚੂਸਦੇ? ਅਤੇ ਮੂੰਹ ਦੇ ਸਵਾਦ ਲਈ ਸੂਪ ਦੇ ਨਾਮ ਤੇ ਖੂਨ ਨਹੀਂ ਪੀਂਦੇ। ਮਾਸਾਹਾਰੀ ਜੀਵਾਂ ਨੂੰ ਜੀਵਤ ਰਹਿਣ ਲਈ ਜਿਸ ਪ੍ਰੋਟੀਨ ਤੱਤ ਯਾ ਔਕਸੀਜਨ ਦੀ ਲੋੜ ਹੈ ਇਹ ਇਨ੍ਹਾਂ ਜੀਵਾਂ ਨੂੰ ਸ਼ਾਕਾਹਾਰੀ ਜੀਵ ਖਾਣੇ ਤੋਂ ਮਿਲਦੀ ਹੈ। ਮਾਸ ਖਾਣਾ ਉਨਾਂ ਜੀਵਾਂ ਦੀ ਮਜਬੂਰੀ ਹੈ, ਕਿਉਕਿ ਮਾਸ ਤੋਂ ਇਲਾਵਾ ਹੋਰ ਕੋਈ ਪਦਾਰਥ ਮਾਸਾਹਾਰੀ ਜੀਵਾਂ ਦਾ ਆਹਾਰ ਨਹੀਂ ਬਣ ਸਕਦਾ। ਮਾਸਾਹਾਰੀ ਲੋਕ ਜੇਕਰ ਇਸ ਸੱਚਾਈ ਨੂੰ ਸਮਝਣਾ ਨਹੀਂ ਚਾਹੁੰਦੇ, ਤਾਂ ਇਨ੍ਹਾਂ ਨੂੰ ਸਮਝਾਉਣ ਦੀ ਵੀ ਕੋਈ ਲੋੜ ਨਹੀਂ, ਕਿਉਕਿ ਜੀਵ ਨੂੰ ਮੱਨੁਖੀ ਜਾਮੇਂ ਦਾ ਅਹਿਸਾਸ ਨਾ ਹੋਣ ਕਰਕੇ ਵਾਰ ਵਾਰ ਆਵਾ-ਗਉਣ ਦੇ ਅੰਧਕਾਰ ਵਿਚ ਜੀਊਣ ਦੀ ਆਦਤ ਬਣ ਜਾਂਦੀ ਹੈ।

## ਨੋਟ

**ਅਡੀਸ਼ਨ ਦਾ ਅਗਲਾ ਪੂਰਾ ਭਾਗ ਛਪਣ ਤੋਂ ਪਹਿਲਾਂ ਅਸੀਂ** ਮਾਸਾਹਾਰੀ ਲੋਕਾਂ ਦਾ ਮੱਨੁਖ ਨੂੰ ਮਾਸਾਹਾਰੀ ਸਿੱਧ ਕਰਨ ਲਈ ਘੋੜੇ ਭਜਾਉਣ ਦਾ ਪੂਰਾ ਮੌਕਾ ਦੇਣਾ ਜਰੂਰੀ ਸਮਝਿਆ ਹੈ। ਇਸ ਲਈ ਮਾਸ ਤੇ ਸ਼ਰਾਬ ਦੀ ਵਰਤੋਂ ਨਾ ਕਰਨ ਦੇ ਸਤਿਪੁਰਸ਼ਾਂ ਦੇ ਫੁਰਮਾਣ ਤੇ ਹੁਕਮ-ਨਾਮੇਂ, ਪਾਠਕਾਂ ਦੇ ਸੁਝਾਅ ਅਤੇ ਅੁਣ ਲੋਚਕਾਂ ਦੀ ਟਿਪਣੀ ਛਾਪਣ ਲਈ ਨਵ ਯੁਗ ਚੇਤਨਾ ਸਮਾਜ ਵਚਨ-ਬੰਦ ਹੈ।

ਨਵ ਯੁਗ ਚੇਤਨਾ ਸਮਾਜ

**Web Site :** NavYugChetnaSamaj.com
**Email Address:** JsKotli@NavYugChetnaSamaj.com
**Address:** 1718/4 Gobind Puri Extn. Kalka Ji,
New Delhi - 110019
**Phone:** 011 - 26023561